# ਘਰ ਵਿਚ ਆਪਣੇ ਬੱਚੇ ਨਾਲ ਪੜ੍ਹੋ

## ਛੋਟੇ ਬੱਚਿਆਂ ਦੇ ਮਾਪਿਆਂ ਲਈ ਕੁਝ ਸੰਕੇਤ

## READING WITH YOUR CHILD AT HOME – IDEAS FOR PARENTS OF YOUNG CHILDREN

### ਪੜ੍ਹਨਾ ਬਹੁਤ ਜ਼ਰੂਰੀ ਹੈ ।

### READING IS IMPORTANT

- ਪੜ੍ਹਨਾ ਹਮੇਸ਼ਾਂ ਹੀ ਇਕ ਬਹੁਤ ਮਹੱਤਵਪੂਰਣ ਹੁਨਰ ਰਿਹਾ ਹੈ । ਅੱਜ ਦੇ ਜ਼ਮਾਨੇ ਵਿਚ ਇਹ ਅੱਗੇ ਨਾਲੋਂ ਵੀ ਵਧੇਰੇ ਜ਼ਰੂਰੀ ਹੋ ਗਿਆ ਹੈ ।
- ਪ੍ਰਵਾਰ ਦੇ ਹੋਰਨਾਂ ਮੈਂਬਰਾਂ ਨੂੰ ਹਰ ਰੋਜ਼ ਦੇ ਘਰੇਲੂ ਕੰਮ ਕਾਜ ਕਰਨ ਸਮੇ ਪੜ੍ਹਦਿਆਂ ਲਿਖਦਿਆਂ ਵੇਖ ਕੇ ਬੱਚੇ ਪੜ੍ਹਾਈ ਦੀ ਅਹਿਮੀਅਤ ਤੋਂ ਜਾਣੂ ਹੋ ਜਾਂਦੇ ਹਨ ।
- ਆਪਣੇ ਬੱਚੇ ਨਾਲ ਘਰ ਵਿਚ ਪੜ੍ਹਨ ਨਾਲ ਤੁਸੀਂ ਉਸ ਦੀ ਸਕੂਲ ਦੇ ਹੋਰਨਾਂ ਮਜਮੂਨਾਂ ਵਿਚ ਵੀ ਮੱਦਦ ਕਰ ਸਕੋਗੇ ।
- ਤੁਹਾਡੇ ਬੱਚੇ ਤੁਹਾਨੂੰ ਹਰ ਰੋਜ਼ ਪੜ੍ਹਦੇ ਲਿਖਦੇ ਵੇਖਦੇ ਹਨ, - ਭਾਂਵੇਂ ਮੰਨੋਰੰਜਨ ਲਈ ਪੜ੍ਹਦੇ ਹੋਵੋ, ਆਪਣੇ ਬੱਚੇ ਨਾਲ ਕੋਈ ਕਹਾਣੀ ਪੜ੍ਹਦੇ ਹੋਵੋ, ਕੋਈ ਰੈਸਿਪੀ ਪੜ੍ਹਦੇ ਹੋਵੋ, ਸ਼ਾਪਿੰਗ ਲਿਸਟ ਬਣਾਉਦੇ ਹੋਵੋ, ਜਨਮ ਦਿਨ ਦਾ ਕਾਰਡ ਲਿਖਦੇ ਹੋਵੋ, ਜਾਂ ਸੜਕਾਂ ਦੇ ਨਾਮ ਹੀ ਪੜ੍ਹਦੇ ਹੋਵੋ । ਇਸ ਤੋਂ ਉਨ੍ਹਾ ਨੂੰ ਇਹ ਪਤਾ ਲਗਦਾ ਹੈ ਕਿ ਅਜ ਦੇ ਜ਼ਮਾਨੇ ਵਿਚ ਪੜ੍ਹਾਈ ਲਿਖ਼ਾਈ ਦੇ ਹੁਨਰ ਬਹੁਤ ਹੀ ਲਾਭਦਾਇਕ ਹਨ ।
- ਕਈ ਵਾਰ ਸਕੂਲਾਂ ਵਲੋਂ ਮਾਪਿਆਂ ਨੂੰ ਕਿਹਾ ਜਾਂਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਘਰ ਵਿਚ ਪੜਦੇ ਸੁਣਨ । ਇਸ ਤਰਾਂ ਕਰਨ ਨਾਲ ਤੁਸੀਂ ਆਪਣੇ ਬੱਚੇ ਨੂੰ ਪੜ੍ਹਨ ਦੀ ਆਦਤ ਪਾ ਸਕਦੇ ਹੋ । ਕਿਤਾਬਾਂ, ਸਕੂਲ ਦੀ ਲਾਇਬਰੇਰੀ ਜਾਂ ਪਬਲਿੱਕ ਲਾਇਬਰੇਰੀ ਤੋਂ ਉਧਾਰੀਆਂ ਲਈਆਂ ਜਾ ਸਕਦੀਆਂ ਹਨ ।
- ਤੁਸੀਂ ਇਸ ਗਲ ਵਿਚ ਵਿਸ਼ਵਾਸ ਰੱਖੋ ਕਿ ਤੁਹਾਡਾ ਬੱਚਾ ਪੜ੍ਹਨਾ ਸਿਖ਼ ਜਾਵੇਗਾ ।

### ਤੁਸੀਂ ਮਦਦ ਕਰਨ ਲਈ ਘਰ ਵਿਚ ਕੀ ਕਰ ਸਕਦੇ ਹੋ ।

### WHAT YOU CAN DO AT HOME TO HELP

- ਹਰ ਰੋਜ਼ ਦੀਆਂ ਗੱਲਾਂ ਬਾਤਾਂ ਵਿਚ ਬੱਚਿਆਂ ਨੂੰ ਵੀ ਸ਼ਾਮਲ ਕਰੋ ।
- ਬੱਚਿਆਂ ਨੂੰ ਉਚੀ ਪੜ੍ਹ ਕੇ ਸੁਣਾਓ । ਇਸ ਤਰ੍ਹਾ ਕਰਨ ਨਾਲ ਉਹ ਕਿਤਾਬਾਂ ਦੀ ਭਾਸ਼ਾ ਤੋਂ ਵਾਕਫ ਹੋ ਜਾਂਦੇ ਹਨ ਅਤੇ ਇਸ ਨਾਲ ਉਨ੍ਹਾ ਨੂੰ ਕਿਤਾਬਾਂ ਪੜ੍ਹਨ ਦੀ ਆਦਤ ਪੈਣ ਦੇ ਨਾਲ ਉਨ੍ਹਾ ਅੰਦਰ ਕਿਤਾਬਾਂ ਪੜ੍ਹਨ ਦਾ ਸਵਾਦ ਵੀ ਪੈਦਾ ਹੋ ਜਾਂਦਾ ਹੈ ।

- ਕਿਤਾਬਾਂ ਬਾਰੇ ਗੱਲਾਂ ਕਰੋ, ਇਕੱਠੇ ਪੜ੍ਹੋ ਅਤੇ ਪੜ੍ਹਨ ਨੂੰ ਇਕ ਸਾਂਝਾ ਮਾਣਨਯੋਗ ਕਾਰਜ ਬਣਾਓ ।
- ਆਪਣੇ ਘਰ ਵਿਚ ਬੱਚੇ ਦੇ ਪੜ੍ਹਨ ਲਈ ਕਈ ਤਰ੍ਹਾ ਦੀਆਂ ਕਿਤਾਬਾਂ ਰੱਖੋ, ਗਲਪ ਵੀ ਅਤੇ ਕਈ ਹੋਰ ਵੀ ।
- ਜੇ ਤੁਹਾਡੇ ਘਰ ਵਿਚ ਬੋਲੀ ਜਾਂਦੀ ਭਾਸ਼ਾ ਅੰਗਰੇਜ਼ੀ ਨਹੀਂ ਹੈ, ਤਾਂ ਤੁਸੀਂ ਆਪਣੇ ਬੱਚੇ ਨੂੰ ਆਪਣੀ ਭਾਸ਼ਾ ਵਿਚ ਵੀ ਪੜ੍ਹ ਕੇ ਸੁਣਾਓ । ਵੇਖਣ ਵਿਚ ਆਇਆ ਹੈ ਕਿ ਤੁਹਾਡੇ ਘਰ ਵਿਚ ਵਰਤੀ ਜਾਣ ਵਾਲੀ ਭਾਸ਼ਾ ਤੁਹਾਡੇ ਬੱਚੇ ਦੇ ਅੰਗਰੇਜ਼ੀ ਪੜ੍ਹਨ ਵਿਚ ਵੀ ਸਹਾਈ ਹੋ ਸਕਦੀ ਹੈ ।
- ਪੜ੍ਹਾਈ ਦਾ ਸਮ੍ਹਾ ਟੈਲੀਵੀਜ਼ਨ ਵੇਖਣ ਵਿਚ ਨਾ ਲਾਇਆ ਜਾਵੇ । ਆਪਣੇ ਬੱਚੇ ਦੇ ਪੜ੍ਹਨ ਦਾ ਸਮ੍ਹਾ ਇਕ ਖਾਸ ਵਖਰਾ ਸਮ੍ਹਾ ਰੱਖੋ ਕਿਸੇ ਤਰ੍ਹਾ ਦਾ ਵਿੱਘਨ ਨਾ ਪੈਣ ਦਿਓ ।
- ਆਪਣੇ ਬੱਚੇ ਨੂੰ ਪੜ੍ਹਦੇ ਹਰ ਰੋਜ਼ ਸੁਣੋ, ਭਾਂਵੇਂ ਇਹ ਥੋੜੇ ਹੀ ਸਮ੍ਹੇ ਲਈ ਹੋਵੇ ।
- ਤੋਹਫਿਆਂ ਵਜੋਂ ਕਿਤਾਬਾਂ ਦਿਓ ।

## ਆਪਣੇ ਬੱਚੇ ਨੂੰ ਪੜ੍ਹਦਿਆਂ ਸੁਣਨ ਲਈ ਕੱਝ ਸੰਕੇਤ

### HINTS FOR LISTENING TO YOUR CHILD READ

- ਪੜ੍ਹਨ ਤੋਂ ਪਹਿਲਾਂ, ਜਿਲਦ ਬਾਰੇ, ਕਿਤਾਬ ਦੇ ਸਿਰਲੇਖ ਬਾਰੇ, ਤਸਵੀਰਾਂ ਬਾਰੇ ਗੱਲ੍ਹਾ ਕਰੋ ਅਤੇ ਵੀਚਾਰ ਕਰੋ ਕਿ ਕਿਤਾਬ ਵਿਚ ਕੀ ਹੋ ਸਕਦਾ ਹੈ ।
- ਪੜ੍ਹਨ ਸਮ੍ਹੇ, ਵਿਚਾਰ ਕਰਦਿਆਂ ਕਰਦਿਆਂ ਕਹਾਣੀ ਅਤੇ ਤਸਵੀਰਾਂ ਬਾਰੇ ਸੁਆਲ ਪੁਛੋ ।
- ਪੜ੍ਹਨ ਤੋਂ ਬਾਅਦ, ਕਹਾਣੀ ਅਤੇ ਤਸਵੀਰਾਂ ਬਾਰੇ ਸੁਆਲ ਪੁਛੋ ।
- ਕੋਈ ਕਠਨ ਕਿਤਾਬ ਪੜ੍ਹਨ ਵੇਲੇ, ਵਾਰੀ ਵਾਰੀ ਪੜ੍ਹੋ । ਜਿਨ੍ਹਾ ਨੇ ਅਜੇ ਪੜ੍ਹਾਈ ਸ਼ੁਰੂ ਹੀ ਕੀਤੀ ਹੋਵੇ, ਉਨ੍ਹਾ ਨੂੰ ਦੁਹਰਾਏ ਜਾਣ ਵਾਲੇ ਹਿਸੇ ਪੜ੍ਹਨ ਦਿਓ ਅਤੇ ਤਜਰਬੇਕਾਰਾਂ ਨੂੰ ਇਕ ਦੋ ਪਹਿਰੇ ਜਾਂ ਸਫੇ ਪੜ੍ਹਨ ਦਿਓ ।
- ਕੋਈ ਨਾ ਪਹਿਚਾਣਿਆ ਜਾਣ ਵਾਲਾ ਸ਼ਬਦ ਸਾਹਮਣੇ ਆ ਜਾਵੇ ਤਾਂ:

ਅਟਕ ਜਾਓ ਤੇ ਬੱਚੇ ਨੂੰ ਸ਼ਬਦ ਦੀ ਪਹਿਚਾਣ ਵਾਸਤੇ ਕੁਝ ਸਮ੍ਹਾ ਦਿਓ ।

**ਪ੍ਰੇਰਤ ਕਰੋ**

- ਦੁਬਾਰਾ ਉਸ ਵਾਕ ਦੀ ਸ਼ੁਰੂਆਤ ਵਲ ਜਾਓ ਜਾਂ ਫਿਰ ਉਸ ਮੁਸ਼ਕਲ ਸ਼ਬਦ ਤੋਂ ਅੱਗੇ ਵਧ ਕੇ ਵਾਕ ਨੂੰ ਅਖੀਰ ਤੱਕ ਪੜ੍ਹੋ ।
- ਤਸਵੀਰਾਂ ਵਿਚੋਂ ਕੋਈ ਨਿਸ਼ਾਨੀ ਲਭਣ ਦੀ ਕੋਸ਼ਿਸ ਕਰੋ ।
- ਪਹਿਲੇ ਅੱਖਰ ਵੱਲ ਵੇਖੋ ਅਤੇ ਸੋਚੋ ਕਿ ਇਹ ਕੀ ਅੱਖਰ ਹੋ ਸਕਦਾ ਹੈ
- ਪੁਛੋ ਕਿ ਇਸ ਦਾ ਮਤਲਬ ਇਹ ਹੋ ਸਕਦਾ ਹੈ?
- ਉਸ ਸ਼ਬਦ ਦੀ ਧੁੰਨ ਜਾਂ ਸਾਊਂਡ ਦਾ ਜ਼ਿਕਰ ਕਰੋ
- ਲੋੜ ਹੋਣ ਤੇ ਆਪਣੇ ਬਚੇ ਨੂੰ ਉਹ ਸ਼ਬਦ ਦਸੋ

ਆਪਣੇ ਬੱਚੇ ਦੀ ਕੋਸ਼ਿਸ਼ ਕਰਨ ਲਈ ਸੁਲਾਹੁਤਾ ਕਰੋ ਭਾਂਵੇਂ ਉਸ ਨੇ ਗਲਤੀ ਵੀ ਕੀਤੀ ਹੋਵੇ ।

## ਕੀ ਪੜ੍ਹਨ ਅਤੇ ਕਰਨ ਦੀ ਲੋੜ ਹੈ

### WHAT TO READ AND DO

- ਤਰ੍ਹਾ ਤਰ੍ਹਾ ਦੀਆਂ ਕਹਾਣੀਆਂ ਵਾਰ ਵਾਰ ਦਸੋ ਜਿਸ ਵਿਚ ਬੱਚੇ ਦੀਆਂ ਮੰਨ ਪਸੰਦ ਕਹਾਣੀਆਂ ਹੋਣ, ਫਰਿਸ਼ਤਿਆਂ ਦੀਆਂ ਕਹਾਣੀਆਂ, ਫਿਲਮ ਕਹਾਣੀਆਂ, ਕੁਝ ਲੋਕਲ ਖਬਰਾਂ ਅਤੇ ਆਪਣੀਆਂ ਪ੍ਰਵਾਰਕ ਕਹਾਣੀਆਂ ।
- ਕਈ ਕਿਸਮ ਦੀਆਂ ਖੇਡਾਂ ਖੇਡੋ ਜਿਵੇਂ  ਆਈ ਸਪਾਈ
- ਭੋਜਨ ਬਣਾਉਣ ਸਮੇ, ਆਪਣੇ ਬੱਚੇ ਨੂੰ ਰਸੋਈ ਸਿਖਿਆ ਦੀ ਕਿਤਾਬ ਵਿਚੋਂ ਪੜ੍ਹਨ ਲਈ ਪ੍ਰੇਰੋ ।
- ਕਾਮਿਕਾਂ, ਰਸਾਲੇ, ਕਹਾਣੀਆਂ ਕਵਿਤਾਂਵਾਂ ਆਦਿ ਪੜ੍ਹੋ ।
- ਇਕੱਠੇ ਅਖਬਾਰਾਂ ਪੜ੍ਹੋ ।
- ਕਰਾਸਵਰਡ ਅਤੇ ਹੋਰ ਪਜਲ ਆਦਿ ਇਕੱਠੇ ਕਰੋ ।
- ਕੋਈ ਪ੍ਰੋਗਰਾਮ ਵੇਖਣ ਤੋਂ ਪਹਿਲਾਂ, ਟੀ ਵੀ ਗਾਈਡ ਇਕੱਠੇ ਪੜ੍ਹੋ ।
- ਲੈਟਰ ਬਾਕਸ ਵਿਚ ਪਾਏ ਜਾਂਣ ਵਾਲੇ ਰਸਾਲੇ ਇਕੱਠੇ ਪੜ੍ਹੋ ।
- ਡਰਾਈਵਿੰਗ ਸ਼ਾਪਿੰਗ ਆਦ ਵੇਲੇ ਸੜਕਾਂ ਦੇ ਨਾਮ ਆਦਿ ਪੜ੍ਹੋ ।
- ਪ੍ਰਵਾਰ ਦੇ ਮੈਂਬਰਾਂ ਨੂੰ ਕਾਰਡ, ਚਿੱਠੀਆਂ ਆਦਿ ਲਿਖੋ ।
- ਬੋਰਡ ਗੇਮਾਂ ਇਕੱਠੇ ਖੇਡੋ ਅਤੇ ਉਨ੍ਹਾ ਦੇ ਰੂਲ ਵੀ ਪੜ੍ਹੋ ।
- ਪਲਾਸਟਿੱਕ ਦੇ ਅੱਖਰ, ਰੰਗਦਾਰ ਪੈਨਸਲਾਂ, ਪੈਨ ਅਤੇ ਲਿਖਣ ਲਈ ਪੇਪਰ ਦਿਓ ।

## ਅਤੇ ਯਾਦ ਰੱਖੋ...

### AND DO REMEMBER . . .

- ਕਹਾਣੀਆਂ ਅਤੇ ਸ਼ਬਦਾਂ ਦੇ ਮਤਲਬਾਂ ਬਾਰੇ ਵਿਚਾਰ ਕਰੋ ।
- ਆਪਣੇ ਬਚੇ ਨੂੰ ਹਮੇਸ਼ਾਂ ਹਰ ਜਗ੍ਹਾ ਪੜ੍ਹਨ ਲਈ ਪ੍ਰੇਰਤ ਕਰੋ ।
- ਤੁਸੀਂ ਆਪਣੇ ਬਚੇ ਨੂੰ ਆਪ ਪੜ੍ਹਾਈ ਦਾ ਰਸ ਮਾਣਦਿਆਂ ਦਖਾਓ ।
- ਆਪਣੇ ਇਲਾਕੇ ਦੀ ਲਾਇਬਰੇਰੀ ਜਾਓ ਅਤੇ ਆਪਣੇ ਲਈ ਅਤੇ ਆਪਣੇ ਬੱਚੇ ਲਈ ਕਿਤਾਬਾਂ ਲਿਆਓ ।
- ਆਪਣੇ ਬਚੇ ਦੇ ਅਧਿਆਪਕ ਜਾਂ ਪ੍ਰਿੰਸੀਪਲ ਨਾਲ ਹੋਰ ਮਦਦ ਲਈ ਸੰਪਰਕ ਕਰੋ
- ਆਪ ਪੜ੍ਹੋ - ਇਹ ਇਕ ਚੰਗਾ ਮਨਪਰਚਾਵਾ ਹੁੰਦਾ ਹੈ ।

**ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰਕੇ ਹਰ ਜਾਣਕਾਰੀ ਲਓ ਕਿ ਤੁਸੀਂ ਆਪਣੇ ਬਚੇ ਦੀ ਪੜ੍ਹਨ ਵਿਚ ਕਿਸ ਤਰ੍ਹਾ ਮਦਦ ਕਰ ਸਕਦੇ ਹੋ ।**